| | | | |
|---|---|---|---|
| <?xml version="1.0" ?> | | | |
| <?xml-stylesheet type="text/css" href="home.css"?> | | | |
| <Doc id="pun-w-media- | PN00003 | " | lang="Punjabi"> |
| <Header type="text"> | | | |
| <encodingDesc> | | | |
| <projectDesc> | CIIL-Punjabi Corpora, Monolingual Written Text | | </projectDesc> |
| <samplingDesc> | Simple written text only has been transcribed. Diagrams, pictures, tables and verses have been omitted. Samples taken from page 31, 60-61, 90, 122, 151, 183, 210-211, 240-243, 276-277, 302, 330-333 | | </samplingDesc> |
| </encodingDesc> | | | |
| <sourceDesc><br><biblStruct><br><source> | | N.R.L.C. Library | |
| | <category> | Aesthetics | </category> |
| | <subcategory> | Literature-Criticism | </subcategory> |
| | <text> | Book | </text> |
| | <title> | Adhunika pam'jAbI kAvi-dhArAvAM dE vicAradhArAI AdhAra | </title> |
| | <vol> | | </vol> |
| | <issue> | | </issue> |
| </source> | | | |
| <textDes> | | | |
| | <type> | | </type> |
| | <headline> | | </headline> |
| | <author> | karamajIta sim'gha | </author> |
| | <words> | 2867 | </words> |
| </textDes> | | | |
| <imprint> | | | |
| | <pubPlace> | Amritsar | </pubPlace> |
| | <publisher> | gurU nAnaka dEva yunIvarasiTI praisa | </publisher> |
| | <pubDate> | 1982 | </pubDate> |
| </imprint> | | | |
| <idno type="CIIL code"> | | 10628 | </idno> |

| | | | |
|---|---|---|---|
| <index> | | PN00003 | </index> |
| </biblStruct><br></sourceDesc> | | | |
| <profileDesc><br><creation> | | | |
| | <date> | 01-Jun-2009 | </date> |
| | <inputter> | Harjinder Singh | </inputter> |
| | <proof> | Sarbjeet Kaur | </proof> |
| </creation> | | | |
| <langUsage> | | Punjabi | </langUsage> |
| <wsdUsage> | | | |
| <writingSystem id="ISO/IEC 10646">Universal Multiple-Octet Coded Character Set (UCS). </writingSystem> | | | |
| </wsdUsage> | | | |
| <textClass> | | | |
| <channel mode="w"> | | print | </channel> |
| <domain type="public"> | | | </domain> |
| </textClass><br></profileDesc><br></Header> | | | |
| <text><body> | | | |
| <p> | ਬੇਸ਼ਕ ਕਵਿਤਾ ਜਾਂ ਸਾਹਿਤ ਨੂੰ ਵਿਚਾਰਧਾਰਾਵਾਂ ਅਤੇ ਦਰਸ਼ਨ ਦੇ ਇਤਿਹਾਸਕ ਦਸਤਾਵੇਜ਼ ਦੇ ਤੌਰ ‘ਤੇ ਪੇਸ਼ ਕੀਤਾ ਜਾ ਸਕਦਾ ਹੈ । ਅਕਸਰ ਕਥਨਾਂ ਜਾਂ ਹਵਾਲਿਆਂ ਦੇ ਰੂਪ ਵਿਚ ਕਵੀਆਂ ਜਾਂ ਲੇਖਕਾਂ ਦੀਆਂ ਕਈ ਸਪਸ਼ਟ ਉਕਤੀਆਂ ਇਹ ਪ੍ਰਗਟ ਕਰਨ ਲਈ ਕਾਫ਼ੀ ਹੁੰਦੀਆਂ ਹਨ ਕਿ ਕਵੀ ਕਿਸੇ ਵਿਸ਼ੇਸ਼ ਵਿਚਾਰਧਾਰਾ ਪ੍ਰਤੀ ਵਫ਼ਾਦਾਰ ਹੈ ਜਾਂ ਕਈ ਜਾਣੀਆਂ ਪਛਾਣੀਆਂ ਵਿਚਾਰਧਾਰਾਵਾਂ ਤੋਂ ਉਹ ਸਿੱਧੇ ਤੌਰ ਤੇ ਪਰਿਚਿਤ ਹੈ ਜਾਂ ਘੱਟੋ ਘਟ ਉਨ੍ਹਾਂ ਦੀਆਂ ਪ੍ਰਚਲਿਤ ਧਾਰਾਵਾਂ ਪ੍ਰਤੀ ਸਚੇਤ ਹੈ। ਪਰ ਇਸ ਦੇ ਬਾਵਜੂਦ ਕਵਿਤਾ ਜਾਂ ਸਾਹਿਤ ਤੇ ਵਿਚਾਰਧਾਰਾ ਦੀਆਂ ਹੋਂਦ ਵਿਧੀਆਂ ਭਿੰਨ ਭਿੰਨ ਹਨ। ਜੇ ਵਿਚਾਰਧਾਰਾ ਚਿੰਤਨ ਦੇ | | </p> |

| | | |
|---|---|---|
| | ਇਤਿਹਾਸ ਦੀ ਕਿਸੇ ਵਿਸ਼ੇਸ਼ ਸਥਿਤੀ ਦਾ ਪ੍ਰਗਟਾਵਾ ਹੋ ਸਕਦੀ ਹੈ ਤਾਂ ਕਵਿਤਾ ਉਸ ਨੂੰ ਇਕ ਦਸਤਾਵੇਜ਼ ਜਾਂ ਦ੍ਰਿਸ਼ਟਾਂਤ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਸਾਧਨ ਹੋ ਸਕਦੀ ਹੈ। | |
| <p> | ਪਰ ਇਸ ਭੂਮਿਕਾ ਵਿਚ ਜਦੋਂ ਗੁਰੂ ਨਾਨਕ ਜਾਂ ਸ਼ੇਖ਼ ਫ਼ਰੀਦ ਵਰਗੇ ਮਹਾਂ ਕਵੀਆਂ ਦੀਆਂ ਵਿਚਾਰਧਾਰਾਵਾਂ ਦਾ ਨਿਰਧਾਰਣ ਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਐਸੀ ਸਥਿਤੀ ਪੈਦਾ ਹੋ ਜਾਂਦੀ ਹੈ ਜੋ ਉਪਰੋਕਤ ਤਰਕ ਦੀ ਭੂਮਿਕਾ ਵਿਚ ਸਵੈ-ਵਿਰੋਧੀ ਪ੍ਰਤੀਤ ਹੁੰਦੀ ਹੈ। ਬੇਸ਼ਕ ਅਸਲ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਵਿਤਾ ਅਤੇ ਵਿਚਾਰਧਾਰਾ ਜਾਂ ਚਿੰਤਨ ਵਿਚਕਾਰ ਇਸ ਤਰ੍ਹਾਂ ਦਾ ਸਹਿਚਾਰ ਉਦੋਂ ਹੀ ਵਾਪਰਿਆ ਜਦੋਂ ਸਾਡੇ ਮਹਾਂ ਕਵੀ ਇਕ ਪਾਸੇ ਚਿੰਤਨ ਦੀਆਂ ਵਿਚਾਰਧਾਰਕ ਬਾਰੀਕੀਆਂ ਤੇ ਗ੍ਰੰਥੀਆਂ ਨੂੰ ਬੁੱਝਣ ਤੇ ਸੁਲਝਾਉਣ ਦੇ ਵੀ ਸਮਰੱਥ ਸਨ ਅਤੇ ਆਪਣੇ ਚਿੰਤਨ ਦਾ ਰਚਨਾਤਮਕ ਅਭਿਵਿਅੰਜਨ ਵੀ ਉਨ੍ਹਾਂ ਦੀ ਪ੍ਰਤਿਭਾ ਦਾ ਇਕ ਸਹਿਜ ਪਾਸਾਰ ਸੀ। | </p> |
| <p> | ਭਾਈ ਵੀਰ ਸਿੰਘ ਯੁਗ ਦੇ ਬਾਕੀ ਪ੍ਰਤਿਨਿਧ ਕਵੀ ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ ਤੇ ਚਰਨ ਸਿੰਘ ਸ਼ਹੀਦ ਆਦਿ ਵੀ ਮੁਖ ਤੌਰ ‘ਤੇ ਅਤੀਤ ਮੁਖੀ ਖਿੱਚ ਪ੍ਰਭਾਵ ਹੇਠ ਰਹਿ ਕੇ ਰਚਨਾ ਕਰਦੇ ਰਹੇ ਪਰ ਉਨ੍ਹਾਂ ਨੇ ਪੱਛਮ ਤੋਂ ਆਏ ਨਵੇਂ ਵਿਚਾਰਾਂ ਨੂੰ ਵਧੇਰੇ ਉਦਾਰਤਾ ਨਾਲ ਧਾਰਣ ਕੀਤਾ ਅਤੇ ਪੰਜਾਬ ਦੇ ਜਨ ਜੀਵਨ, ਪ੍ਰਕਿਰਤੀ ਤੇ ਸਭਿਆਚਾਰ ਦੇ ਵਧੇਰੇ ਯਥਾਰਥਕ ਚਿਤਰ ਪੇਸ਼ ਕੀਤੇ ਹਨ। ਉਨ੍ਹਾਂ ਨੇ, ਭਾਈ ਵੀਰ ਸਿੰਘ ਦੀ ਤੁਲਨਾ ਵਿਚ, ਆਧੁਨਿਕ ਪੰਜਾਬੀ ਕਵਿਤਾ ਦਾ ਰੁਖ ਵਧੇਰੇ ਸਾਰਥਕ | </p> |

| | | |
|---|---|---|
| | ਰੂਪ ਵਿਚ ਯਥਾਰਥਵਾਦੀ ਸੰਕ੍ਰਾਂਤੀ ਵੱਲ ਮੋੜਿਆ। ਇਹ ਸੰਕ੍ਰਾਂਤੀ ਪੰਜਾਬੀ ਕਿਰਸਾਣੀ ਅਤੇ ਮਧ ਸ਼੍ਰੇਣੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਅਨੇਕਾਂ ਜਟਿਲ ਪ੍ਰਕਿਰਿਆਵਾਂ ਦਾ ਸਿੱਟਾ ਸੀ। ਪੰਜਾਬ ਦੇ ਸਮਾਜਕ ਅਤੇ ਆਰਥਿਕ ਵਿਕਾਸ, ਵਧਦੀ ਰਾਜਨੀਤਿਕ ਅਤੇ ਰਾਸ਼ਟਰੀ ਚੇਤੰਨਤਾ ਅਤੇ ਰਾਸ਼ਟਰੀ ਸੁਤੰਤਰਤਾ ਅੰਦੋਲਨ ਦੇ ਵਧਦੇ ਪ੍ਰਭਾਵਾਂ ਨੇ ਇਨ੍ਹਾਂ ਕਵੀਆਂ ਨੂੰ ਵਿਸ਼ੇਸ਼ ਹਿਲੂਣਾ ਦਿੱਤਾ। ਇਨ੍ਹਾਂ ਕਵੀਆਂ ਨੇ ਪਰੰਪਰਾ ਦੇ ਭਾਵਕ ਮੋਹ ਦੇ ਨਾਲ ਨਾਲ ਧਰਮ ਬਾਰੇ ਉਦਾਰਵਾਦੀ ਯਥਾਰਥਵਾਦੀ ਪਹੁੰਚ, ਸੰਪਰਦਾਇਕ ਦ੍ਰਿਸ਼ਟੀ ਦੀ ਥਾਂ ਉਦਾਰ ਮਾਨਵਵਾਦੀ ਭਾਵਨਾ ਅਤੇ ਰਾਸ਼ਟਰੀ ਚੇਤੰਨਤਾ ਅਤੇ ਸਮਾਜਕ ਜੀਵਨ ਵਿਚ ਸੁਧਾਰ ਦੀ ਸਚੇਤ ਭਾਵਨਾ ਨੂੰ ਆਪਣੀ ਸਾਧਨਾ ਦੀ ਮੁਖ ਟੇਕ ਬਣਾਇਆ। | |
| <p> | ਇਨ੍ਹਾਂ ਕਵੀਆਂ ਨੇ : ਆਧੁਨਿਕ ਪੰਜਾਬੀ ਸਾਹਿਤ ਲਈ ਨਿੱਗਰ ਆਧਾਰ ਪੈਦਾ ਕੀਤਾ। ਪੁਰਾਣੀਆਂ ਰਵਾਇਤਾਂ ਤੋਂ ਚਲ ਕੇ, ਇਨ੍ਹਾਂ ਨੇ ਨਵੇਂ ਮਾਰਗ ਉਲੀਕੇ, ਇਹ ਦਸਦਿਆਂ ਹੋਇਆਂ ਆਪਣੇ ਲੋਕਾਂ ਦੇ ਕਲਾਤਮਕ ਅਨੁਭਵ ਨੂੰ ਭਰਪੂਰ ਕੀਤਾ, ਕਿ ਕਵਿਤਾ ਲੋਕ ਜੀਵਨ ਦੇ ਹਰ ਵਿਸਥਾਰ ਵਿਚ ਦਿਲਚਸਪੀ ਪੈਦਾ ਕਰ ਸਕਦੀ ਹੈ। | </p> |
| <p> | ਪ੍ਰਤੱਖ ਹੈ ਕਿ ਮੁੱਲਹੀਣਤਾ ਦਾ ਮਨਫ਼ੀ ਵਾਤਾਵਰਣ ਆਪਣੇ ਦੁਆਲੇ ਉਸਾਰਦਾ ਹੋਇਆ ਇਹ ਰੋਹ ਇਕਹਿਰੇ ਤੇ ਸਪਾਟ ਰਾਜਨੀਤਕ ਨਾਅਰੇ ਤੋਂ ਉਪਰ ਉੱਠਣ ਦੇ ਸਮਰੱਥ ਨਹੀਂ ਰਹਿ ਜਾਂਦਾ। ਜੇ ਕਵਿਤਾ ਨੂੰ ਇੰਜ ਹੀ ਨਾਅਰਿਆਂ ਦਾ ਮਾਧਿਅਮ ਬਣਾਇਆ ਜਾਏ ਤਾਂ ਕਵਿਤਾ ਇਤਿਹਾਸਕ ਕਰਮ ਦੀ ਪ੍ਰੇਰਣਾ | </p> |

ਲਈ ਸਿਆਣੀ ਨੀਝ ਪੈਦਾ ਨਹੀਂ ਕਰ ਸਕਦੀ। ਜਿਹੜੇ ਕਵੀਆਂ ਨੇ ਅਹਿਸਾਸ ਦੀ ਕੋਮਲਤਾ, ਡੂੰਘਾਈ ਅਤੇ ਵਿਸ਼ਾਲਤਾ ਦੇ ਪ੍ਰਮਾਣ ਆਪਣੀ ਕਵਿਤਾ ਵਿਚ ਪੈਦਾ ਕੀਤੇ ਹਨ ਉਨ੍ਹਾਂ ਦੇ ਹੱਥਾਂ ਵਿਚ ਹਿੰਸਾ ਦਾ ਜਜ਼ਬਾ ਸਮਾਜਕ ਜੀਵਨ ਵਿਚ ਵਾਪਰ ਰਹੇ ਮਨੁੱਖੀ ਦੁਖਾਂਤ ਦਾ ਇਕ ਤੀਬਰ ਅਲਾਮਤੀ ਪ੍ਰਗਟਾਵਾ ਬਣ ਕੇ ਉਦੈ ਹੁੰਦਾ ਹੈ ਅਤੇ ਇਸ ਅਲਾਮਤੀ ਪ੍ਰਗਟਾਵੇ ਦੁਆਰਾ ਹਿੰਸਾ ਇਤਿਹਾਸਕ ਸਥਿਤੀ ਦੇ ਵਿਵੇਕ ਦੀ ਪ੍ਰਮੁਖ ਇਨਕਲਾਬੀ ਲੋੜ ਬਣਦੀ ਜਾਪਦੀ ਹੈ। ਪਰ ਜਿਥੇ ਹਿੰਸਾ ਦਾ ਜਜ਼ਬਾ ਰੋਮਾਂਟਿਕ ਤੇ ਅਰਾਜਕ ਰਾਜਨੀਤਕ ਮਨੋਰਥ ਤੋਂ ਸਿੱਧੀ ਪ੍ਰੇਰਣਾ ਲੈਂਦਾ ਹੈ ਉਥੇ ਇਹ ਇਕ ਵਕਤੀ ਵਿਸਫੋਟ ਦਾ ਪ੍ਰਭਾਵ ਪੈਦਾ ਕਰਦਾ ਹੋਇਆ ਲਫ਼ਜ਼ੀ ਆਤਸ਼ਬਾਜ਼ੀ ਬਣ ਕੇ ਰਹਿ ਜਾਂਦਾ ਹੈ। ਨਤੀਜੇ ਦੇ ਤੌਰ ‘ਤੇ ਕਵੀ ਜਨ ਨਿੱਜੀ ਤੌਰ ਉੱਤੇ ਤਾਂ ਕ੍ਰਾਂਤੀਸ਼ੀਲਤਾ ਦੇ ਸਵੈ-ਆਭਿਮਾਨ ਵਿਚ ਵਿਚਰ ਸਕਦੇ ਹਨ ਪਰ ਪ੍ਰਭਾਵ ਦੀ ਪੱਧਰ ਉੱਤੇ ਇਨਕਲਾਬੀ ਚੇਤੰਨਤਾ ਨਾਲ ਉਨ੍ਹਾਂ ਦਾ ਸੰਬੰਧ ਸਮਾਜਕ ਪਰਿਵਰਤਨ ਦੀ ਭਾਵਨਾ ਤੋਂ ਵਧ ਫ਼ੈਸ਼ਨ–ਪ੍ਰਸਤੀ ਉੱਤੇ ਆਧਾਰਿਤ ਪ੍ਰਤੀਤ ਹੁੰਦਾ ਹੈ। ਤੋਪ, ਤਲਵਾਰ, ਬੰਦੂਕ, ਪਿਸਤੌਲ, ਬੰਬ ਤੇ ਲੋਹੇ ਦੇ ਬਾਰ ਬਾਰ ਵਰਤੇ ਜਾਣ ਵਾਲੇ ਸ਼ਬਦ, ਜੁਝਾਰ ਵਿਦਰੋਹੀ ਕਵਿਤਾ ਦੇ ਹਥਿਆਰਬੰਦ ਕ੍ਰਾਂਤੀ ਦੇ ਰਾਜਨੀਤਕ ਪੈਂਤੜੇ ਦੇ ਸੂਚਕ ਜ਼ਰੂਰ ਹਨ। ਪਰ ਇਹ ਪੈਂਤੜਾ ਹਰ ਕਵੀ ਦੀ ਕਵਿਤਾ ਵਿਚ ਏਨਾ ਨਿੱਜੀ ਹੈ ਕਿ ਅਚੇਤ ਸਚੇਤ ਪੱਧਰ ਉੱਤੇ ਕਿਸੇ ਜਮਾਤੀ ਚਰਿਤਰ ਅਤੇ ਜਥੇਬੰਦੀ ਦਾ ਰੂਪ ਧਾਰਣ ਕਰਦਾ ਨਜ਼ਰ ਨਹੀਂ ਆਉਂਦਾ।

| | | |
|---|---|---|
| <p> | ਹੇਠਲੀਆਂ ਮਧ ਸ਼੍ਰੇਣੀਆਂ ਅਤੇ ਕਿਰਤੀ ਕਿਸਾਨ ਵਰਗਾਂ ਲਈ ਨਿਕਟ ਭਵਿੱਖ ਵਿਚ ਕਿਸੇ ਨਵੇਂ ਯੁਗ ਦੇ ਚਿਹਨ-ਚੱਕਰ ਜਾਂ ਇਹਨਾਂ ਦੀ ਕੋਈ ਆਸ ਧੁੰਦਲੀ ਹੋ ਗਈ ਸੀ। ਪਾਕਿਸਤਾਨ ਵਿਚੋਂ ਬੇ-ਘਰ ਹੋ ਕੇ ਆਏ ਮਧਵਰਗੀ ਕਵੀਆਂ ਨੂੰ ਜੀਵਨ ਦੇ ਆਰਥਿਕ ਸਮਾਜਕ ਸੰਦਰਭ ਵਿਚ ਜਿਸ ਯਥਾਰਥ ਨਾਲ ਵਾਹ ਪਿਆ ਉਸ ਨੇ ਉਨ੍ਹਾਂ ਦੀ ਚੇਤਨਾ ਵਿਚ ਪੀੜਿਤ ਵਰਗਾਂ ਨਾਲ ਸਾਂਝ ਅਤੇ ਨੇੜਤਾ ਦਾ ਵਾਸਤਵਿਕ ਅਨੁਭਵ ਪੈਦਾ ਕੀਤਾ। ਯਥਾਰਥ ਦੇ ਬਦਲੇ ਹੋਏ ਸੰਦਰਭ ਵਿਚ ਇਹ ਪੀੜਿਤ ਵਰਗਾਂ ਨਾਲ ਉਨ੍ਹਾਂ ਦੀ ਬੌਧਿਕ ਸਹਾਨੁਭੂਤੀ ਵਿਚ ਅਨੁਭਵ ਮੂਲਕ ਸਾਂਝ ਬਣਨ ਦੀ ਸਥਿਤੀ ਸੀ। ਇਸ ਦੇ ਨਾਲ ਹੀ ਸਦੀਆਂ ਤੋਂ ਲਿਤਾੜੇ ਜਾਣ ਵਾਲੇ ਪੀੜਿਤ ਵਰਗਾਂ ਵਿਚ ਵੀ ਰਾਜਸੀ ਜਾਗ੍ਰਿਤੀ ਅਤੇ ਆਪਣੇ ਅਧਿਕਾਰਾਂ ਦੀ ਚੇਤੰਨਤਾ ਪ੍ਰਚੰਡ ਹੋ ਰਹੀ ਸੀ। ਭਾਰਤ ਵਿਚ ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਸੰਵਿਧਾਨਕ ਲਖ਼ਸ਼ ਨਿਰਧਾਰਿਤ ਕੀਤਾ ਜਾ ਚੁੱਕਾ ਸੀ। ਇਸ ਭੂਮਿਕਾ ਵਿਚ ਪੀੜਿਤ ਸ਼੍ਰੇਣੀਆਂ ਵਿਚ ਜਮਾਤੀ ਚੇਤੰਨਤਾ ਤਿੱਖੀ ਹੋ ਰਹੀ ਸੀ। ਵਸਤੂ ਸਥਿਤੀ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਵਧੇਰੇ ਇਕਾਗਰ ਤੇ ਸੰਗਠਿਤ ਰੂਪ ਵਿਚ ਯਥਾਰਥ ਨਾਲ ਜੂਝਣ ਲਈ ਵੰਗਾਰ ਰਹੀ ਸੀ। ਵਸਤੂ ਸੰਕਟ ਅਤੇ ਸਾਂਸਕ੍ਰਿਤਿਕ ਕੀਮਤਾਂ ਦੇ ਸੰਦਰਭ ਵਿਚ ਇਹ ਵੰਗਾਰ, ਇਤਿਹਾਸ ਦੀ ਵੰਗਾਰ ਸੀ। ਪ੍ਰਗਤੀਸ਼ੀਲ ਲਹਿਰ ਦੀ ਕ੍ਰਾਂਤੀਸ਼ੀਲ ਵਿਚਾਰਧਾਰਾ ਤੋਂ ਸਿਵਾ ਕੋਈ ਵਿਚਾਰਧਾਰਾ ਇਸ ਵੰਗਾਰ ਨੂੰ ਪਰਵਾਨ ਕਰਨ ਦੇ ਸਮਰੱਥ ਨਹੀਂ ਸੀ ਦਿਸਦੀ। ਰਾਸ਼ਟਰਵਾਦੀ ਵਿਚਾਰ ਆਪਣੀ ਉਪਯੋਗਤਾ | </p> |

| | | |
|---|---|---|
| | ਹੰਢਾ ਚੁੱਕੇ ਸਨ। ਧਰਮ-ਚੇਤਨਾ ਇਸ ਸਥਿਤੀ ਵਿਚ ਨ ਕੇਵਲ ਬੁਰੀ ਤਰ੍ਹਾਂ ਵਿਫਲ ਹੋਈ ਸੀ, ਸਗੋਂ ਸੰਪਰਦਾਇਕਤਾ ਨੂੰ ਸ਼ਹਿ ਦੇਣ ਕਰਕੇ ਆਪਣੀ ਸਾਖ ਵੀ ਗਵਾ ਚੁੱਕੀ ਸੀ। | |
| <p> | ਆਹਲੂਵਾਲੀਆ, ਰਵਿੰਦਰ ਰਵੀ ਤੇ ਅਜਾਇਬ ਕਮਲ ਦੀਆਂ ਉਪਰੋਕਤ ਕਾਵਿ-ਉਕਤੀਆਂ ਵਿੱਚੋਂ ਦੁਬਿਧਾ ਅਤੇ ਦਿਸ਼ਾਹੀਣਤਾ ਦੀ ਭਟਕਣ ਦਾ ਸਵਰ ਬੜੇ ਇਕਾਗਰ ਤੇ ਤੀਬਰ ਰੂਪ ਵਿਚ ਉਭਰਦਾ ਹੈ। ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਇਹ ਸਵਰ ਉਸ ਗਤੀਰੋਧ ਦਾ ਸੂਚਕ ਹੈ ਜਿਸ ਵਿਚ ਵਿਅਕਤੀਵਾਦੀ ਚੇਤਨਾ ਵਿਚ ਖਿੰਡੀ ਹੋਈ ਸ਼ਕਤੀ ਸਮਾਜਕ ਪ੍ਰਵਾਹ ਨਾਲੋਂ ਟੁੱਟ ਕੇ 'ਤ੍ਰਾਣ ਲਗਾ ਕੇ ਪਹੀਆਂ ਉੱਤੇ ਘੁੰਮ ਜਾਂਦੀ ਹੈ।' ਨਿਸ਼ਚੇ ਹੀ ਇਹ ਸਥਿਤੀ 'ਕਿਸੇ ਵਾਦ ਵਿਵਾਦ ਵਿਚ ਨ ਬੱਝਣ' ਦੀ ਬੌਧਿਕ ਤੇ ਵਿਚਾਰਧਾਰਕ ਤਰਲਤਾ ਦੀ ਉਪਜ ਹੈ। ਵਿਚਾਰਧਾਰਾ ਇਕਾਗਰ ਸ਼੍ਰੇਣੀ ਹਿਤਾਂ ਦੀ ਪ੍ਰਿਸ਼ਠ ਭੂਮੀ ਵਿਚ ਵਿਸ਼ਵਾਸਾਂ ਅਤੇ ਸੰਕਲਪਾਂ ਦਾ ਗਤੀਸ਼ੀਲ ਸੰਗਠਨ ਪ੍ਰਸਤੁਤ ਕਰਦੀ ਹੈ ਜੋ ਸ਼੍ਰੇਣੀ ਜਾਂ ਸਮੂਹ ਦੀਆਂ ਰੁਚੀਆਂ ਅਰੁਚੀਆਂ ਦੇ ਅਨੁਕੂਲ ਸਮਾਜਕ ਰਾਜਨੀਤਕ ਵਰਤਾਰੇ ਦੇ ਅਰਥ-ਨਿਰਣੇ ਦਾ ਦਾਅਵਾ ਕਰਦਾ ਹੈ। ਇਸ ਸੰਗਠਨ ਲਈ ਗਿਆਨ ਨੂੰ ਸ਼ਸਤਰ ਵਾਂਗ ਗ੍ਰਹਿਣ ਕਰਕੇ ਇਸ ਨੂੰ ਸਮੂਹ ਦੇ ਹਿਤਾਂ ਦੇ ਅਨੁਕੂਲ ਸਮਾਜਕ ਪਰਿਵਰਤਣ ਦਾ ਸਾਧਨ ਬਣਾ ਕੇ ਵਰਤਣਾ ਆਵੱਸ਼ਕ ਹੈ। ਵਿਚਾਰਧਾਰਾ ਤੋਂ ਬਿਨਾ ਨ ਕਿਸੇ ਸ਼੍ਰੇਣੀ ਦੀ ਹੋਂਦ ਪ੍ਰਮਾਣਿਤ ਹੁੰਦੀ ਹੈ ਨ ਕਿਸੇ ਰਚਨਾਤਮਕ ਧਾਰਾ ਦੀ। ਕਿਸੇ ਵਾਦ ਵਿਵਾਦ ਵਿਚ ਨ ਬੱਝਣ ਦੀ ਸਚੇਤ ਪ੍ਰੇਰਣਾ ਅਧੀਨ ਹੀ ਪ੍ਰਯੋਗਵਾਦੀ ਕਾਵਿ ਧਾਰਾ ਆਪਣੀ | </p> |

| | | |
|---|---|---|
| | ਅਧੂਰੀ ਤੇ ਅਪ੍ਰਮਾਣਿਕ ਰਚਨਾਤਮਕ ਯਾਤਰਾ ਉੱਤੇ ਤੁਰਦੀ ਹੈ। ਵਿਚਾਰਧਾਰਾ ਬਾਰੇ ਇਹ ਧਾਰਾ ਗੋਸ਼ਠੀ ਤਾਂ ਬਹੁਤ ਕਰਦੀ ਹੈ ਪਰ ਕਿਸੇ ਹਾਂ ਮੁਖੀ ਵਿਚਾਰਧਾਰਾਈ ਸੰਗਠਨ ਉੱਤੇ ਸਹਿਮਤ ਹੁੰਦੀ ਨਜ਼ਰ ਨਹੀਂ ਆਉਂਦੀ। ਪੂਰਬਲੇ ਵਿਚਾਰਧਾਰਾਈ ਸੰਗਠਨਾਂ ਦੇ ਕੋਲੋਂ ਗੁਜਰਦੀ ਹੋਈ ਉਹਨਾਂ ਦੇ ਪ੍ਰਕਾਸ਼ ਦਾ ਭਰਮ ਆਪਣੇ ਦੁਆਲੇ ਲਪੇਟਣ ਦਾ ਯਤਨ ਵੀ ਕਰਦੀ ਹੈ, ਪਰ ਨਿੱਠ ਕੇ ਨ ਕਿਸੇ ਸਮਾਜਕ ਆਦਰਸ਼ ਨਾਲ ਜੁੜਦੀ ਹੈ, ਨ ਕਿਸੇ ਵਿਚਾਰ-ਪ੍ਰਬੰਧ ਦੀ ਆਰਾਧਨਾ ਵਿਚ ਇਕਾਗਰ ਹੀ ਹੁੰਦੀ ਹੈ। | |
| <p> | ਬੇਸ਼ਕ 'ਪ੍ਰਕਿਰਤੀ ਦੇ ਦ੍ਰਿਸ਼ ਨੂੰ ਉਸ ਦੇ ਪਰੰਪਰਾਗਤ ਸੰਸਰਗਾਂ ਤੋਂ ਸੁਤੰਤਰ ਕਰਨ' ਅਤੇ ਇਸ ਦੁਆਰਾ 'ਸੰਵੇਦਨਾ' ਨੂੰ ਪਰਿਵਰਤਿਤ ਕਰਨ ਦਾ ਸੰਕਲਪ ਮੂਲ ਰੂਪ ਵਿਚ ਯਥਾਰਥ ਅਤੇ ਮਨੁੱਖੀ ਸ਼ਖ਼ਸੀਅਤ ਦੇ ਵਿਗਠਨ ਦੇ ਆਧੁਨਿਕ ਵਿਚਾਰਧਾਰਾਈ ਪਰਿਪੇਖ ਤੋਂ ਪ੍ਰੇਰਿਤ ਹੈ। ਅਸਲ ਵਿਚ 'ਪ੍ਰਕਿਰਤੀ ਦੇ ਦ੍ਰਿਸ਼' ਉਦਯੋਗ ਯੁਗ ਅਤੇ ਸ਼ਹਿਰੀਕਰਣ ਦੇ ਯਥਾਰਥ ਦੀ ਆਧੁਨਿਕ ਸਥਿਤੀ ਵਿਚ ਆਪਣੇ ਆਪ 'ਪਰੰਪਰਾਗਤ ਸੰਸਰਗਾਂ' ਤੋਂ ਟੁੱਟਦੇ ਜਾਂਦੇ ਹਨ। ਅਤੇ ਸਪਸ਼ਟ ਹੈ ਕਿ 'ਪਰੰਪਰਾਗਤ ਸੰਸਰਗਾਂ' ਤੋਂ ਪ੍ਰਕਿਰਤੀ ਦੇ ਦ੍ਰਿਸ਼ਾਂ ਦਾ ਟੁੱਟਣਾ' ਮਨੁੱਖੀ ਚੇਤਨਾ ਦੇ ਵਿਆਪਕ ਸੰਦਰਭ ਵਿਚ ਹੀ ਵਾਪਰਦਾ ਹੈ। ਇਸੇ ਸੰਦਰਭ ਵਿਚ ਹੀ ਮਨੁੱਖ ਨੂੰ ਯਥਾਰਥ ਦੇ 'ਅੰਤਰਣ ਤੇ ਓਪਰੇਵੇਂ ਦੀ ਪ੍ਰਤੀਤੀ' ਹੁੰਦੀ ਹੈ। ਇਹ ਪ੍ਰਤੀਤੀ ਅਜੋਕੇ ਮਨੁੱਖ ਨੂੰ ਸਹਿਜ ਅਨੁਭਵ ਦੀ ਥਾਂ 'ਪਛਾਣ-ਪ੍ਰਘਾਤ' ਦੁਆਰਾ ਹੁੰਦੀ ਹੈ। 'ਪਛਾਣ-ਪ੍ਰਘਾਤ' ਹੀ ਮਨੁੱਖ ਨੂੰ ਉਹ ਗਲ | </p> |

| | | |
|---|---|---|
| | ਪਛਾਣਨ ਲਈ ਮਜ਼ਬੂਰ ਕਰਦਾ ਹੈ ਜਿਸ ਨੂੰ [ਅਚੇਤ ਹੀ] ਮਹਿਸੂਸ ਤਾਂ ਸਾਰੇ ਕਰਦੇ ਹਨ ਪਰ ਜਿਹੜੀ ਦਿਸਦੀ ਕਿਸੇ ਨੂੰ ਵੀ ਨਹੀਂ।' ਅਚੇਤ ਮਹਿਸੂਸ ਹੋਣ ਵਾਲੀ ਗੱਲ ਦਾ ਸਚੇਤ ਅਨੁਭਵ ਦੀ ਪੱਧਰ ਉੱਤੇ ਸਾਕਾਰ ਹੋਣਾ ਹੀ ਯਥਾਰਥ ਦੇ ਪਰੰਪਰਾਗਤ ਬਿੰਬ ਦੇ ਵਿਗਠਨ ਦਾ ਪ੍ਰਮਾਣ ਹੈ। ਤੇ ਇਸ ਦੀ ਪਛਾਣ ਦਾ ਪ੍ਰਘਾਤ ਮਨੁੱਖੀ ਸ਼ਖ਼ਸੀਅਤ ਦੇ ਵਿਗਠਨ ਦਾ ਮੂਲ ਪ੍ਰੇਰਕ ਹੈ। ਇੰਜ ਯਥਾਰਥ ਅਤੇ ਸ਼ਖ਼ਸੀਅਤ ਦੇ ਵਿਗਠਨ ਦੀਆਂ ਸਥਿਤੀਆਂ ਨ ਕੇਵਲ ਇਕ ਦੂਸਰੀ ਦੇ ਅਨੁਰੂਪ ਹੀ ਹਨ ਸਗੋਂ ਇਕ-ਦੂਜੀ ਦੀਆਂ ਪੂਰਕ ਵੀ ਹਨ। | |
| <p> | ਇਹ ਦੋਵੇਂ ਪੂਰਕ ਸਥਿਤੀਆਂ ਵਿਕਾਸਸ਼ੀਲ ਪੂੰਜੀਵਾਦੀ ਅਤੇ ਲੋਕ-ਰਾਜੀ ਅਰਥਚਾਰੇ ਦੇ ਸੰਦਰਭ ਵਿਚ ਮਧ ਵਰਗੀ ਬੁਧੀਜੀਵੀ ਵਿਅਕਤੀ ਦੁਆਰਾ ਪੂੰਜੀਵਾਦ ਦੀ ਪਤਨਸ਼ੀਲ ਸਥਿਤੀ ਨੂੰ ਸਾਂਸਕ੍ਰਿਤਕ ਤੌਰ 'ਤੇ ਗ੍ਰਹਿਣ ਕਰਨ ਵਾਲੀ ਚੇਤਨਾ ਦੀਆਂ ਸਥਿਤੀਆਂ ਹਨ। | </p> |
| <p> | ਪ੍ਰਭਾਵਵਾਦੀ ਸ਼ੈਲੀ 'ਵਸਤੂ ਯਥਾਰਥ ਉੱਤੇ ਜ਼ੋਰ ਦੇਣ ਦੀ ਥਾਂ ਉਨ੍ਹਾਂ ਪ੍ਰਭਾਵਾਂ ਉੱਤੇ ਜ਼ੋਰ ਦਿੰਦੀ ਹੈ ਜੋ ਲੇਖਕ ਯਥਾਰਥ ਤੋਂ ਗ੍ਰਹਿਣ ਕਰਦਾ ਹੈ', ਜਦ ਕਿ ਪਰਵਾਸਤਵਵਾਦ ਅਨੁਭਵ ਦੇ ਚੇਤ ਅਚੇਤ ਮੰਡਲਾਂ ਦੇ ਪੂਰਣ ਪੁਨਰ-ਗਠਨ ਦਾ ਪ੍ਰੇਰਕ ਹੈ। ਫ਼ਰਾਇਡ ਦੇ ਅਵਚੇਤਨ ਸਿਧਾਂਤਾਂ ਉੱਤੇ ਵਧੇਰੇ ਨਿਰਭਰ ਕਰਦੀ ਹੋਈ ਪਰਵਾਸਤਵਵਾਦੀ ਸ਼ੈਲੀ ਅਚੇਤ ਮਨ ਨੂੰ ਕਲਪਨਾ ਦੇ ਮੁਖ ਸੋਮੇ ਦੇ ਰੂਪ ਵਿਚ ਵੇਖਦੀ ਹੈ। ਇੰਜ ਇਹ ਦੋਵੇਂ ਸ਼ੈਲੀਆਂ ਤੇ ਇਨ੍ਹਾਂ ਦੇ ਨਾਲ ਲਗਦੀਆਂ ਚੇਤਨਾ ਪ੍ਰਵਾਹ ਤੇ ਅਭਿਵਿਅੰਜਣਵਾਦੀ | </p> |

| | | |
|---|---|---|
| | ਸ਼ੈਲੀਆਂ ਵਸਤੂ ਯਥਾਰਥ ਦੀ ਥਾਂ ਮਾਨਸਿਕ ਯਥਾਰਥ ਨੂੰ ਸਥਾਪਿਤ ਕਰਨ ਉੱਤੇ ਜ਼ੋਰ ਦਿੰਦੀਆਂ ਨਜ਼ਰ ਆਉਂਦੀਆਂ ਹਨ। | |
| <p> | ਆਧੁਨਿਕਵਾਦੀ ਪੰਜਾਬੀ ਕਵੀ ਇਨ੍ਹਾਂ ਸ਼ੈਲੀਆਂ ਨੂੰ ਅਪਣਾਉਂਦੇ ਹੋਏ ਵਸਤੂ ਯਥਾਰਥ ਦੇ ਨਿਰਾਕਰਣ ਵਲ ਤੁਰਦੇ ਹਨ। ਹਰਿਭਜਨ ਸਿੰਘ, ਸਤੀ ਕੁਮਾਰ ਤੇ ਰਵਿੰਦਰ ਰਵੀ ਇਨ੍ਹਾਂ ਸ਼ੈਲੀਆਂ ਦੇ ਵਧੇਰੇ ਸਫਲ ਅਭਿਆਸੀ ਸਿਧ ਹੋਏ ਹਨ। ਲੂਕਾਸ਼ ਆਨੁਸਾਰ ਇਹ ਸ਼ੈਲੀਆਂ ਆਧੁਨਿਕਵਾਦੀ ਕਵਿਤਾ ਅਤੇ ਸਾਹਿਤ ਦੇ ਕਲਾਤਮਕ ਤੱਤ ਦੇ ਨਿਰਾਕਰਣ ਦੀਆਂ ਸੂਚਕ ਹਨ। ਆਧੁਨਿਕਵਾਦੀ ਪੰਜਾਬੀ ਕਵਿਤਾ ਵਿਚ ਇਹੀ ਸਥਿਤੀ ਸ਼ਬਦ ਦੇ ਅਰਥ ਤੋਂ ਟੁੱਟਣ ਦੀ ਸੂਚਕ ਹੈ, ਜਿਸ ਵਿਚ ਭਾਸ਼ਾ ਤੇ ਯਥਾਰਥ ਵਿਚਾਲੇ ਪੈਦਾ ਹੋਇਆ ਪਛੜੇਵਾਂ ਪ੍ਰਤੱਖ ਹੋ ਗਿਆ ਹੈ। ਯਥਾਰਥ 'ਵਡ-ਉਮਰੇ ਜ਼ਾਲਮ ਸਮਾਜ' ਦੇ ਰੂਪ ਵਿਚ ਹਾਵੀ ਹੈ ਅਤੇ ਭਾਸ਼ਾ 'ਮਿਨਾਰਿਟੀ ਡਿਫੈਂਸਿਵ' ਸਥਿਤੀ ਵਿਚ ਕਵਿਤਾ ਦਾ ਪ੍ਰਯਾਪਤ ਮਾਧਿਅਮ ਬਣਨ ਦੇ ਅਸਮਰਥ ਹੈ। ਇਸ ਪਛੜੇਵੇਂ ਦਾ ਕਾਰਣ ਆਧੁਨਿਕਵਾਦੀ ਕਵਿਤਾ ਦੇ ਵਿਅਕਤੀਵਾਦੀ ਤੇ ਆਤਮਵਾਦੀ ਵਿਚਾਰਧਾਰਾਈ ਆਧਾਰਾਂ ਵਿਚ ਨਿਰਧਾਰਿਤ ਕੀਤਾ ਜਾ ਸਕਦਾ ਹੈ। | </p> |
| <p> | ਇਹੀ ਕਾਰਣ ਹੈ ਕਿ ਇਸ ਧਾਰਾ ਦੇ ਬਹੁਤੇ ਸਿਖਾਂਦਰੂ ਕਵੀ ਕ੍ਰਾਂਤੀ ਦੇ ਰੋਮਾਂਟਿਕ ਜੋਸ਼ ਅਤੇ ਰੋਹ ਦੇ ਅਮੋੜ ਜਜ਼ਬੇ ਦੀ ਪਕੜ ਵਿਚ ਅਰਾਜਕਤਾ ਅਤੇ ਵਿਨਾਸ਼ਵਾਦ ਦਾ ਵਾਤਾਵਰਣ ਪੈਦਾ ਕਰਦੇ ਹਨ। ਹਿੰਸਾ ਦੀ ਭਾਵਨਾ ਜੁਝਾਰ ਚੇਤਨਾ ਦੀ ਮੂਲ ਪ੍ਰੇਰਣਾ ਬਣ ਕੇ ਉਘੜਦੀ ਹੈ। ਡਾ. ਅਤਰ ਸਿੰਘ ਫ਼ੇਨਾਨ ਅਤੇ ਹਰਬਰਟ | </p> |

| | | |
|---|---|---|
| | ਮਾਰਕੁਜ਼ ਦੇ ਹਵਾਲੇ ਨਾਲ ਲਿਖਦੇ ਹਨ : | |
| <p> | ਹਿੰਸਾ ਇਸ ਕਵਿਤਾ ਵਿਚ ਕੇਵਲ ਮਨੁੱਖੀ ਰਵਈਏ ਦੇ ਤੌਰ ਤੇ ਹੀ ਨਹੀਂ ਪੇਸ਼ ਕੀਤੀ ਜਾਂਦੀ ਸਗੋਂ ਇਕ ਮੂਲ ਨੈਤਿਕ ਸਿਧਾਂਤ ਤੇ ਸਿਧਾਂਤਕ ਵਿਧੀ ਦੇ ਤੌਰ ਤੇ ਵੀ, ਜਿਹੜੀ ਸੰਪੂਰਨ ਮਨੁੱਖ ਨੂੰ ਇਕਾਗਰ ਕਰਕੇ ਸੰਪੂਰਨ ਸਬੱਧਤਾ ਸਹਿਤ ਯਥਾਰਥ ਵਿਚ ਵਿਅਸਤ ਕਰਦੀ ਹੈ। | </p> |
| <p> | ਪਰ ਜੁਝਾਰ ਵਿਦਰੋਹੀ ਕਵਿਤਾ ਨੇ ਜੇ ਵਿਚਾਰਧਾਰਾ ਦੀ ਪੱਧਰ ‘ਤੇ ਹਿੰਸਾ ਨੂੰ ਇਨ੍ਹਾਂ ਨੈਤਿਕ ਤੇ ਸਿਧਾਂਤਕ ਅਰਥਾਂ ਵਿਚ ਅਪਣਾਇਆ ਵੀ ਤਾਂ ਰਚਨਾ ਦੀ ਪੱਧਰ ‘ਤੇ ਇਹ ਕਵਿਤਾ ਹਿੰਸਾ ਦੇ ਇਨ੍ਹਾਂ ਅਰਥਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਪੂਰੀ ਤਰ੍ਹਾਂ ਸਫਲ ਨ ਹੋਈ। ਇਸ ਕਾਵਿ ਧਾਰਾ ਦਾ ‘ਮੂਲ ਨੈਤਿਕ ਸਿਧਾਂਤ ਤੇ ਸਿਧਾਂਤਕ ਵਿਧੀ’ ਬਣਨ ਦੇ ਬਾਵਜੂਦ ਹਿੰਸਾ ‘ਸੰਪੂਰਨ ਮਨੁੱਖ ਨੂੰ ਇਕਾਗਰ ਕਰਕੇ ਸੰਪੂਰਨ ਸਬੱਧਤਾ ਸਹਿਤ ਯਥਾਰਥ ਵਿਚ ਵਿਅਸਤ ਕਰਨ’ ਦਾ ਰਚਨਾਤਮਕ ਮਾਧਿਅਮ ਨ ਬਣ ਸਕੀ। ਇਸ ਲਈ ਹਿੰਸਾ ਦੀ ਭਾਵਕ ਪਕੜ ਅਧੀਨ ਅਕਸਰ ਜੁਝਾਰ ਕਵੀ ਕ੍ਰਾਂਤੀ ਦੇ ਵਿਗਿਆਨਕ ਸੰਕਲਪ ਦੀ ਥਾਂ ਹਿੰਸਾ ਨੂੰ ਇਕ ਸੁਤੰਤਰ ਮੁੱਲ ਦੇ ਰੂਪ ਵਿਚ ਪ੍ਰਸਤੁਤ ਕਰਦੇ ਨਜ਼ਰ ਆਉਂਦੇ ਹਨ। ਇਹੀ ਕਾਰਣ ਹੈ ਕਿ ਜੁਝਾਰ ਧਾਰਾ ਦਾ ਰਚਨਾਤਮਕ ਮਹੱਤਵ ਕਿਸੇ ਸਕਾਰਾਤਮਕ ਵਿਚਾਰਧਾਰਾ ਵਿੱਚੋਂ ਉਜਾਗਰ ਹੋਣ ਦੀ ਥਾਂ ਅਰਾਜਕਤਾ, ਵਿਨਾਸ਼ਵਾਦ ਅਤੇ ਹਿੰਸਾ ਦੀ ਨਕਾਰਾਤਮਕ ਵਿਚਾਰਧਾਰਾਈ ਭੂਮਿਕਾ ਵਿੱਚੋਂ ਉਘੜਦਾ ਹੈ। | </p> |
| <p> | ਪ੍ਰਤੱਖ ਦਾ ਪੱਧਰ ‘ਤੇ ਇਨ੍ਹਾਂ ਕਵੀਆਂ ਦਾ ਰੋਹ ਨਿਜ਼ਾਮ ਅਤੇ | </p> |

ਸਥਾਪਨਾ ਵਲ ਸੇਧਿਆ ਹੋਇਆ ਨਜ਼ਰ ਆਉਂਦਾ ਹੈ। ਪਰ ਕਾਵਿਕ ਅਭਿਵਿਅੰਜਨ ਦੀ ਪੱਧਰ ਉੱਤੇ ਜੋ ਪ੍ਰਭਾਵ ਇਹ ਰੋਹ ਜਗਾਉਂਦਾ ਹੈ ਉਸ ਤੋਂ ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਰੋਹ ਸਮਾਜਕ ਆਦਰਸ਼ ਦੇ ਕਿਸੇ ਗਤੀਸ਼ੀਲ ਆਕਾਰ ਵਿਚ ਢਲਣ ਦੀ ਬਜਾਏ ਸਮੁੱਚੇ ਯਥਾਰਥ ਵੱਲ ਹੀ ਵਿਨਾਸ਼ਵਾਦੀ ਵਿਅੰਗ ਦੀ ਟੇਢ ਨਾਲ ਵੇਖਦਾ ਹੈ। ਇਹ ਵਿਨਾਸ਼ਵਾਦੀ ਭਾਵਨਾ 'ਸਕਾਰਾਤਮਕ ਵਿਚਾਰਾਂ ਦੇ ਮੁਕੰਮਲ ਨਿਰਾਕਰਣ ਦਾ ਦ੍ਰਿਸ਼ਟੀਕੋਣ' ਬਣ ਨਿਬੜਦੀ ਹੈ। ਇਸ ਭੂਮਿਕਾ ਵਿਚ ਸਵਾਲ ਪੈਦਾ ਹੁੰਦਾ ਹੈ 'ਸਾਡੇ ਕਰਾਂਤੀਕਾਰੀ ਕਵੀ "ਵਿਨਾਸ਼ਵਾਦ" ਦਾ ਰਾਹ ਅਪਣਾ ਕੇ ਕਿਸ ਦਿਸ਼ਾ ਵਲ ਜਾਣਾ ਚਾਹੁੰਦੇ ਹਨ? ਉਨ੍ਹਾਂ ਦੀ ਮੰਜ਼ਲ ਕਿਹੜੀ ਹੈ?' ਬੇਸ਼ਕ ਜੁਝਾਰ ਕਵਿਤਾ 'ਦਿਸ਼ਾ' ਅਤੇ 'ਮੰਜ਼ਲ' ਦੀ ਕੋਈ ਸਕਾਰਾਤਮਕ ਬਿੰਬ ਉਜਾਗਰ ਕਰਨ ਵਿਚ ਸਫ਼ਲ ਨਹੀਂ ਹੁੰਦੀ। ਰੋਹ ਦਾ ਸਵਰ ਜੁਝਾਰ ਸੰਵੇਦਨਾ ਦਾ ਤੀਬਰ ਸਵਰ ਹੈ। ਰੋਹ ਦੀ ਤੀਬਰਤਾ ਵਿਚ ਜੁਝਾਰ ਸੰਵੇਦਨਾ ਵਿਦਰੋਹ ਦੀ ਗਦਰੀ ਭਾਵਨਾ ਅਧੀਨ ਸਮਕਾਲੀ ਯਥਾਰਥ ਦਾ ਸਕਾਰਾਤਮਕ ਬਦਲ ਪੇਸ਼ ਕਰਨ ਦੀ ਬਜਾਏ ਇਸ ਨੂੰ ਨਕਾਰਾਤਮਕ ਦ੍ਰਿਸ਼ਟੀ ਨਾਲ ਹੀ ਵੇਖਦੀ ਤੇ ਚਿਤਰਦੀ ਹੈ। ਫਲਸਰੂਪ ਵਿਚਾਰਧਾਰਾ ਦਾ ਵਿਨਾਸ਼ਵਾਦੀ ਪੈਂਤੜਾ ਵਿਸ਼ੇਸ਼ ਤੌਰ ਤੇ ਉਘੜ ਕੇ ਸਾਹਮਣੇ ਆਉਂਦਾ ਹੈ। ਲੋਕ ਨਾਥ ਦੀ ਨਿਮਨ ਕਵਿਤਾ ਜੁਝਾਰ ਵਿਦਰੋਹੀ ਕਾਵਿ ਧਾਰਾ ਦੀ ਵਿਨਾਸ਼ਵਾਦੀ ਵਿਚਾਰਧਾਰਾ ਦਾ ਚਿਤਰ ਪੇਸ਼ ਕਰਦੀ ਹੋਈ ਵਿਨਾਸ਼ਕਾਰੀ ਦ੍ਰਿਸ਼ਟੀ ਅਤੇ ਜੋਸ਼ ਦਾ ਉਘੜਵਾਂ ਪ੍ਰਮਾਣ ਪ੍ਰਸਤੁਤ ਕਰਦੀ ਹੈ :

| | | |
|---|---|---|
| <p> | ਇੰਜ 'ਰੱਬੀ ਲੀਲ੍ਹਾ' ਵਿਚ ਡਾ. ਗੋਪਾਲ ਸਿੰਘ ਦੀ ਦਾਰਸ਼ਨਿਕ ਸਿਨਿਕਤਾ ਸਮਕਾਲੀ ਯਥਾਰਥ ਬਾਰੇ ਸਨਕੀ ਵਿਅੰਗ ਦੇ ਇਤਿਹਾਸ-ਨਿਰਲੇਪ ਅਲਾਪ ਵਿਚ ਸਾਕਾਰ ਹੁੰਦੀ ਹੈ। ਇਹ ਅਲਾਪ ਯਥਾਰਥ ਬਾਰੇ ਕੁਝ ਦਾਰਸ਼ਨਿਕ ਸੂਤਰ ਪ੍ਰਦਾਨ ਕਰਨ ਦੇ ਬਾਵਜੂਦ ਯਥਾਰਥ ਦੀ ਖੜੋਤ ਦਾ ਅਨੁਭਵ ਪੈਦਾ ਕਰਦਾ ਹੈ, ਯਥਾਰਥ ਨੂੰ ਇਸ ਦੇ ਇਤਿਹਾਸਕ ਸੰਵਾਦਕ ਪਰਿਪੇਖ ਵਿਚ ਗ੍ਰਹਿਣ ਕਰਨ ਅਤੇ ਰਚਨਾਤਮਕ ਵਿਵੇਕ ਵਿਚ ਉਤਰਨ ਦਾ ਮਾਰਗ ਨਹੀਂ ਦਰਸਾਂਦਾ। | </p> |
| <p> | ਆਪਣੇ ਨਵੀਨ ਕਾਵਿ-ਸੰਗ੍ਰਹਿ ਚਾਨਣ ਦਾ ਪਹਾੜ (1976) ਵਿਚ ਕਵੀ ਨੇ 'ਚਾਨਣ ਦਾ ਪਹਾੜ' ਤੇ 'ਮਰਦ ਕਾ ਚੇਲਾ' ਨਾਂ ਦੀਆਂ ਲੰਬੀਆਂ ਗੱਦ-ਕਵਿਤਾਵਾਂ ਵਿਚ 'ਸਾਡੇ ਦੋ ਮਹਿਬੂਬ ਜਨ ਨਾਇਕਾਂ ਨੂੰ... ਚਿਤਵਿਆ ਤੇ ਚਿਤਰਿਆ ਹੈ; ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਨੂੰ।' 'ਚਾਨਣ ਦਾ ਪਹਾੜ' ਵਿਚ ਗੁਰੂ ਨਾਨਕ ਦੇ ਜੀਵਨਮਈ ਸੰਕੇਤਾਂ ਨੂੰ ਨਵੇਂ ਅਰਥਾਂ ਤੇ ਪ੍ਰਤੀਕਾਂ ਵਿਚ ਢਾਲਣ ਦਾ ਸੰਕਲਪ ਕੀਤਾ ਗਿਆ ਹੈ ਅਤੇ 'ਮਰਦ ਕਾ ਚੇਲਾ' ਵਿਚ ਗੁਰੂ ਗੋਬਿੰਦ ਸਿੰਘ ਦੇ ਇਤਿਹਾਸਕ ਸਾਂਸਕ੍ਰਿਤਿਕ ਬਿੰਬ ਦੀ 'ਲੋਕ ਕਾਲ ਦੀਆਂ ਹੱਦਾਂ ਤੋਂ ਬੇਨਿਆਜ਼' ਅਜ਼ਮਤ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। 'ਰੱਬੀ ਲੀਲ੍ਹਾ' ਦਾ ਮਿੱਥ-ਖੰਡਕ ਕਵੀ ਇਨ੍ਹਾਂ ਕਵਿਤਾਵਾਂ ਵਿਚ ਪ੍ਰਾਪਤ ਮਿਥਾਂ ਦਾ ਵਿਸ਼ਵਾਰਥੀ ਅਰਥ-ਵਿਸਥਾਰ ਕਰਦਾ ਨਜ਼ਰ ਆਉਂਦਾ ਹੈ। ਮਿਥਾਂ ਦਾ ਇਹ ਅਰਥ-ਵਿਸਥਾਰ 'ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਨੂੰ ਸਿਖਾਂ ਦੇ ਪੂਜ ਰੂਪ ਤੋਂ ਤੋੜ ਕੇ ਮਾਨਵਤਾ ਦੇ ਬੰਦੀ ਛੋੜ ਰੂਪ ਨਾਲ | </p> |

| | | |
|---|---|---|
| | ਜੋੜਨ’ ਵਿਚ ਨਿਹਿਤ ਹੈ। ‘ਰੱਬੀ ਲੀਲ੍ਹਾ’ ਵਿਚ ਦਾਰਸ਼ਨਿਕ ਸਿਨਿਕਤਾ ਦੀ ਪ੍ਰੇਰਣਾ ਅਧੀਨ ਉਸ ਨੇ ਯਥਾਰਥ ਦੀਆਂ ਸਥਾਪਿਤ ਅਰਥ-ਰੂੜੀਆਂ ਅਤੇ ਮਿਥਾਂ ਦੇ ਖੰਡਨ ਦੁਆਰਾ ਵਿਸੰਗਤੀ ਦੀ ਪੀੜ ਦਾ ਜੋ ਅਨੁਭਵ ਹੰਢਾਇਆ ਸੀ ਉਸ ਦੀ ਪ੍ਰੇਰਣਾ ਅਧੀਨ ਉਹ ਪੰਜਾਬ ਦੇ ਇਨ੍ਹਾਂ ਦੋਹਾਂ ਜਨ ਨਾਇਕਾਂ ਨੂੰ ਧਾਰਮਿਕ ਸੰਪਰਦਾਇਕ ਮਰਯਾਦਾ ਦੀ ਘੁਟਣ ਵਿੱਚੋਂ ਕੱਢ ਕੇ ਉਨ੍ਹਾਂ ਦੀ ਇਤਿਹਾਸ-ਯਾਤਰਾ ਦੇ ਵਿਆਪਕ ਮਾਨਵੀ ਅਰਥਾਂ ਨੂੰ ਸਥਾਪਿਤ ਕਰਨ ਦਾ ਅਭਿਲਾਸ਼ੀ ਨਜ਼ਰ ਆਉਂਦਾ ਹੈ। | |
| <p> | ਇਹ ਵਿਰੋਧ ਨਿਸਚੇ ਹੀ ਆਧੁਨਿਕ ਸੰਵੇਦਨਾ ਦਾ ਮੂਲ ਪ੍ਰੇਰਕ ਹੈ। ਜੇ ਇਕ ਪਾਸੇ ਇਹ ਆਧੁਨਿਕ ਜੀਵਨ ਵਿਚ ਖਿੰਡਾਓ ਦੀ ਚੇਤਨਾ ਪੈਦਾ ਕਰਦਾ ਹੈ ਤਾਂ ਦੂਜੇ ਬੰਨੇ ਆਧੁਨਿਕ ਸੰਵੇਦਨਾ ਦੇ ਰੂਪ ਵਿਚ ਜੀਵਨ ਨੂੰ ਸਮੇਂ ਸਥਾਨ ਦੇ ਖੰਡਿਤ ਵੇਰਵਿਆਂ ਦੀ ਥਾਂ ਦੇਸ਼-ਕਾਲ ਦੀ ਸਮੱਗਰਤਾ ਦੇ ਗਤੀਮਾਨ ਪਰਿਪੇਖ ਵਿਚ ਗ੍ਰਹਿਣ ਕਰਨ ਵਾਲੀ ਇਕਾਗਰਕਾਰੀ ਜੀਵਨ-ਦ੍ਰਿਸ਼ਟੀ ਦਾ ਪ੍ਰੇਰਕ ਵੀ ਬਣਦਾ ਹੈ। ਸਾਂਸਕ੍ਰਿਤਿਕ ਚੇਤਨਾ ਦੀ ਪੱਧਰ ਉੱਤੇ ਇਸ ਵਿਰੋਧ ਦਾ ਗਤੀਸ਼ੀਲ ਸਮਾਧਾਨ ਅਤੇ ਰਚਨਾਤਮਕ ਚਿੰਤਨ ਆਧੁਨਿਕ ਵਿਸ਼ਵ-ਦਰਸ਼ਨ ਦੀ ਮੂਲ ਚਿੰਤਾ ਹੈ। ਇਸ ਭੂਮਿਕਾ ਵਿਚ ਆਧੁਨਿਕ ਜੀਵਨ ਨੂੰ ਭੂਤ-ਭਵਾਨ-ਭਵਿੱਖ ਦੀ ਗਤੀਸ਼ੀਲ ਸਮੱਗਰਤਾ ਦੇ ਜਟਿਲ ਸੰਦਰਭ ਵਿਚ ਗ੍ਰਹਿਣ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਹ ਸੰਦਰਭ ਹੀ ਪਰੰਪਰਾ ਅਤੇ ਅਤੀਤ ਵਿਚ ਵਿਵੇਕਸ਼ੀਲ ਸੰਬਾਦ ਦੀ ਸੰਭਾਵਨਾ ਜਗਾਂਦਾ ਹੈ ਤੇ ਇਹੀ ਆਧੁਨਿਕ ਵਿਸ਼ਵ-ਦਰਸ਼ਨ ਦਾ ਸੰਗਠਨਕਾਰੀ ਨਿਯਮ ਬਣਦਾ | </p> |

| | | |
|---|---|---|
| | ਹੈ। ਇਸ ਸੰਬਾਦ ਦੀ ਗਤੀਸ਼ੀਲ ਪ੍ਰੇਰਣਾ ਅਧੀਨ ਸਾਂਸਕ੍ਰਿਤਿਕ ਚੇਤਨਾ ਵਿਚ ਭੂਤਕਾਲ ਅਤੇ ਵਰਤਮਾਨ ਵਿਚਲੀ ਖ਼ਲੀਜ ਨੂੰ ਮੇਲਣ ਦੀ ਰਚਨਾਤਮਕ ਅਕਾਂਖਿਆ ਪ੍ਰਜਵਲਿਤ ਹੁੰਦੀ ਹੈ। | |
| <p> | ਇੰਜ ਆਧੁਨਿਕਤਾ ਦੀ ਮੂਲ ਪ੍ਰੇਰਣਾ ਜੀਵਨ-ਅਨੁਭਵ ਦਾ ਅਜਿਹਾ ਸੰਸ਼ਲੇਸ਼ਣ ਪ੍ਰਸਤੁਤ ਕਰਨਾ ਹੈ ਜਿਸ ਵਿਚ ਪੁਰਾਤਨ, ਮਧਕਾਲੀਨ ਤੇ ਵਰਤਮਾਨ ਦੇ ਤਨਾਉ ਦਾ ਗਤੀਸ਼ੀਲ ਸਮਾਧਾਨ ਪ੍ਰਾਪਤ ਕੀਤਾ ਜਾ ਸਕੇ। ਅਤੀਤ ਤੇ ਵਰਤਮਾਨ ਦਾ ਗਤੀਸ਼ੀਲ ਤਨਾਉ ਹੀ ਇਨ੍ਹਾਂ ਦੇ ਸੰਬਾਦਕ ਸੰਬੰਧ ਦਾ ਪ੍ਰੇਰਕ ਬਣਦਾ ਹੈ ਤੇ ਇਹ ਸੰਬੰਧ ਇਸ ਨਿਰੰਤਰ ਤਨਾਉ ਦੇ ਗਤੀਸ਼ੀਲ ਸਮਾਧਾਨ ਦਾ ਵਿਵੇਕ ਨਿਰਧਾਰਿਤ ਕਰਦਾ ਹੈ। ਇਸ ਤਨਾਉ ਦੀ ਭੂਮਿਕਾ ਵਿਚ ਹੀ ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਕਵੀ ਭਿੰਨ ਭਿੰਨ ਵਿਚਾਰਧਾਰਾਈ ਪ੍ਰੇਰਣਾ ਅਧੀਨ ਆਧੁਨਿਕ ਜੀਵਨ ਦੇ ਸੰਪੂਰਣ ਅਨੁਭਵ ਨੂੰ ਅਭਿਵਿਅਕਤ ਕਰਨ ਲਈ ਕਿਰਿਆਸ਼ੀਲ ਹੁੰਦੇ ਰਹੇ ਹਨ। | </p> |
| <p> | ਅਨੁਭਵ ਤੇ ਯਥਾਰਥ ਦੀ ਗਤੀ ਤੇ ਸਥਿਤੀ ਦਾ ਇਹ ਵਿਰੋਧਾਭਾਸ ਆਧੁਨਿਕਵਾਦੀ ਕਵਿਤਾ ਵਿਚ ਸ਼ੈਲੀਗਤ ਵਿਰੂਪਣ ਦਾ ਪ੍ਰੇਰਕ ਬਣਦਾ ਹੈ । ਵਿਰੂਪਣ ਦਾ ਅਸਲ ਰਚਨਾਤਮਕ ਮਹੱਤਵ ਤਾਂ ਯਥਾਰਥ ਦੇ ਪ੍ਰਮਾਣਿਕ ਸੰਕਲਪ ਦੇ ਸੰਦਰਭ ਵਿਚ ਹੀ ਉਜਾਗਰ ਹੋ ਸਕਦਾ ਹੈ ਪਰ ਆਧੁਨਿਕਵਾਦੀ ਰਚਨਾਤਮਕ ਸੰਵੇਦਨਾ ਵਿਚ ਵਿਰੂਪਣ ਯਥਾਰਥ ਦਾ ਨਿਰਪੇਖ ਲੱਛਣ ਬਣ ਕੇ ਉਘੜਦਾ ਹੈ ਜਿਸ ਕਰਕੇ ਆਧੁਨਿਕਵਾਦੀ ਕਵੀ ਸਮੁੱਚੇ ਯਥਾਰਥ ਨੂੰ ਵਿਰੂਪਣ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ । | </p> |

| | | |
|---|---|---|
| <p> | ਆਧੁਨਿਕਵਾਦੀ ਪੰਜਾਬੀ ਕਵਿਤਾ ਇਸ ਪੱਖ ਨੂੰ ਸ਼ੈਲੀਗਤ ਵਿਰੂਪਣ ਦੇ ਭਾਗਸਮ ਰੂਪ ਵਿਚ ਦਰਸਾਂਦੀ ਹੈ । ਸ਼ੈਲੀਗਤ ਵਿਰੂਪਣ ਵਸਤੂ-ਯਥਾਰਥ ਦੇ ਵੇਰਵਿਆਂ ਦੀ ਵਾਸਤਵਿਕ ਤਰਤੀਬ ਨੂੰ ਭੰਗ ਕਰਕੇ ਅਪ੍ਰਾਪਤ ਤਰਤੀਬ ਤੇ ਅਰਥ ਦੀ ਸਾਧਨਾ ਹਿਤ ਭਟਕਣ ਦੇ ਅਹਿਸਾਸ ਨੂੰ ਉਤੇਜਿਤ ਕਰਦਾ ਹੈ। ਸਤੀ ਕੁਮਾਰ ਦੀ ਕਵਿਤਾ ਵਿਚ ਸ਼ੈਲੀਗਤ ਵਿਰੂਪਣ ਦੇ ਬੜੇ ਉਘੜਵੇਂ ਪ੍ਰਮਾਣ ਮਿਲਦੇ ਹਨ । ਬੇਸ਼ਕ ਆਧੁਨਿਕ ਪੰਜਾਬੀ ਕਵਿਤਾ ਵਿਚ ਵਿਰੂਪਣ ਉਦਯੋਗਵਾਦੀ ਸਭਿਅਤਾ ਦੇ ਪੈਦਾਵਾਰੀ ਰਿਸ਼ਤਿਆਂ ਤੇ ਪਰਦਾਰਥਵਾਦੀ ਕੀਮਤਾਂ ਦੇ ਦਬਾ ਹੇਠ ਅਚੇਤ ਸਹਿਮ ਵਿੱਚੋਂ ਗੁਜ਼ਰਦੀ ਮਨੁੱਖੀ ਚੇਤਨਾ ਦੀ ਭਟਕਣ ਦੇ ਤ੍ਰਾਸਦ-ਅਨੁਭਵ ਨੂੰ ਸਾਕਾਰ ਕਰਨ ਦਾ ਮਾਧਿਅਮ ਬਣਦਾ ਹੈ। | </p> |
| <p> | ਪੈਦਾਵਾਰੀ ਸਾਧਨਾਂ ਦੀ ਵਧਦੀ ਅਜਾਰੇਦਾਰੀ ਦੇ ਫਲ ਸਰੂਪ ਸਾਮਰਾਜੀ ਪੂੰਜੀਵਾਦੀ ਵਿਵਸਥਾ ਅਕਸਰ ਮਨੁੱਖੀ ਤੱਤ ਦੀ ਪ੍ਰੇਰਕ ਬਣਦੀ ਹੈ। ਵਿਰੂਪਣ ਦੀ ਇਸ ਪ੍ਰਿਸ਼ਠ ਭੂਮੀ ਵਿਚ ਹੀ ਆਧੁਨਿਕਵਾਦੀ ਰਚਨਾਤਮਕ ਸੰਵੇਦਨਾ ਪਰਿਪੇਖ ਦੇ ਵਿਵੇਕ ਤੋਂ ਵਿਸੰਗ ਹੁੰਦੀ ਚਲੀ ਜਾਂਦੀ ਹੈ ਜਿਸ ਦੇ ਫਲਸਰੂਪ ਆਧੁਨਿਕਵਾਦੀ ਕਵਿਤਾ ਦੇ ਪ੍ਰਤਿਪਾਦਨ ਵਿਚ ਇਹ ਦਿਸ਼ਾ ਅਤੇ ਵਸਤੂ ਨੂੰ ਨਿਸਚਿਤ ਕਰਨ, ਬਿਰਤਾਂਤ ਦੀਆਂ ਤੰਦਾਂ ਨੂੰ ਸਮੇਟਣ ਤੇ ਵਸਤੂ-ਯਥਾਰਥ ਦੇ ਲੋੜੀਂਦੇ ਰਚਨਾਤਮਕ ਵੇਰਵਿਆਂ ਦੀ ਚੋਣ ਕਰਨ ਦੇ ਸਮਰੱਥ ਨਹੀਂ ਰਹਿੰਦੀ। | </p> |
| <p> | ਉਂਜ ਵੀ ਆਧੁਨਿਕਵਾਦੀ ਕਵਿਤਾ ਦਾ ਨਾਇਕ ਲਘੂ ਮਾਨਵ ਉਦਯੋਗਵਾਦੀ ਮਹਾਂਨਗਰ ਦੀ, ਵਿਅਕਤੀਵਾਦੀ ਚੇਤਨਾ ਵਾਲੀ, | </p> |

| | | |
|---|---|---|
| | ਪੜ੍ਹੀ ਲਿਖੀ ਮਧ-ਸ਼੍ਰੇਣੀ ਦਾ ਹੀ ਪ੍ਰਤਿਨਿਧ ਹੈ, ਸਮੂਹਕ ਚੇਤਨਾ ਵਾਲੇ ਜਨ ਸਾਧਾਰਣ ਦਾ ਨਹੀਂ । ਲਘੂ ਮਾਨਵ ਦਾ ਵਿਅਕਤੀਵਾਦੀ ਅਨੁਭਵ ਜਨ-ਜੀਵਨ ਦੀ ਸਮੂਹਕ ਚੇਤਨਾ ਤੋਂ ਦੂਰ ਹੁੰਦਾ ਹੋਇਆ ਸੰਸਕ੍ਰਿਤੀ ਦੇ ਇਤਿਹਾਸਕ ਵਿਵੇਕ ਨਾਲੋਂ ਵਿਸੰਗਤ ਹੁੰਦਾ ਚਲਾ ਜਾਂਦਾ ਹੈ। ਵਿਸੰਗਤੀ ਦੀ ਇਹ ਭਾਵਨਾ ਹੀ ਆਧੁਨਿਕਵਾਦੀ ਵਿਚਾਰਧਾਰਾ ਵਿਚ ਵਸਤੂ-ਯਥਾਰਥ ਦੀ ਪਰਿਵਰਤਨਹੀਣਤਾ ਦਾ ਅਨੁਭਵ ਪੈਦਾ ਕਰਦੀ ਹੈ ਜਿਸ ਦੇ ਫਲਸਰੂਪ ਮਨੁੱਖੀ ਚੇਤਨਾ ਮੂਲ ਇਤਿਹਾਸਕ ਅਰਥ ਦੀ ਸਾਧਨਾ ਦੇ ਮਾਰਗ ਤੋਂ ਭਟਕ ਜਾਂਦੀ ਹੈ । ਇਹ ਭਟਕਣ ਆਧੁਨਿਕਵਾਦੀ ਪੰਜਾਬੀ ਕਾਵਿ ਧਾਰਾ ਵਿਚ ਸ਼ਬਦ ਨਾਲੋਂ ਅਰਥ ਟੁੱਟਣ ਦੀ ਚੇਤੰਨਤਾ ਵਿਚ ਸਾਕਾਰ ਹੁੰਦੀ ਹੈ । ਇਤਿਹਾਸਕ ਅਰਥ ਦੇ ਸੰਦਰਭ ਵਿਚ ਵਿਸੰਗਤੀ ਦੀ ਇਹ ਸਥਿਤੀ ਚਿੰਤਾ ਜਾਂ ਵਿਸ਼ਾਦ ਦੀ ਪ੍ਰੇਰਕ ਬਣਦੀ ਹੈ ਜਦ ਕਿ ਅਸਤਿਤਵਵਾਦੀ ਵਿਚਾਰਧਾਰਾ ਦੇ ਵਿਤਰੇਕਵਾਦੀ ਪਿਛੋਕੜ ਵਿਚ ਇਹ ਸਥਿਤੀ ਰੋਮਾਂਟਿਕ ਸੰਤੁਸ਼ਟੀ ਦਾ ਅਨੁਭਵ ਪੈਦਾ ਕਰਦੀ ਹੈ। ਇਹ ਰੋਮਾਂਟਿਕ ਵਿਤਰੇਕਵਾਦ ਆਧੁਨਿਕਵਾਦੀ ਵਿਚਾਰਧਾਰਾ ਦੇ ਸੰਦਰਭ ਵਿਚ ਵਸਤੂ-ਯਥਾਰਥ ਤੋਂ ਮਨੁੱਖੀ ਚੇਤਨਾ ਦੀ ਮੁਕੰਮਲ ਵਿਸੰਗਤੀ ਦਾ ਸੰਕੇਤਕ ਹੈ ਅਤੇ ਆਧੁਨਿਕਵਾਦੀ ਕਵਿਤਾ ਵਿਚ ਦ੍ਰਿਸ਼ਟਾਂਤਕ ਸ਼ੈਲੀ ਨੂੰ ਜਨਮ ਦਿੰਦਾ ਹੈ। | |
| <p> | ਦ੍ਰਿਸ਼ਟਾਂਤਕ ਸ਼ੈਲੀ ਵੇਰਵੇ ਦੀ ਪ੍ਰਤੀਕਾਤਮਕ ਬਹੁ-ਅਰਥਤਾ ਦੀ ਥਾਂ ਯਥਾਰਥ ਨੂੰ 'ਜੀਵਨ', 'ਮੌਤ', 'ਅਸਤਿਤਵ' ਆਦਿ ਅਮੂਰਤ ਸੰਕੇਤਾਂ ਦੁਆਰਾ ਵਿਅਕਤ ਕਰਦੀ ਹੈ। ਫਲਸਰੂਪ | </p> |

| | | |
|---|---|---|
| | ਇਤਿਹਾਸਕ ਮਨੁੱਖ ਲਘੂ ਮਾਨਵ ਦੇ ਰੂਪ ਵਿਚ ਦੇਸ਼ ਕਾਲ ਤੋਂ ਵਿਤ੍ਰਿਕਤ ਨਿਰਮੁਖ ਪਛਾਣ ਦਾ ਅਮੂਰਤ ਚਿੰਨ੍ਹ ਬਣ ਕੇ ਰਹਿ ਜਾਂਦਾ ਹੈ। | |

**</body></text>**
**</Doc>**